# ਮਰੀਜ਼ ਲਈ ਜਾਣਕਾਰੀ

National Antibiotic Allergy Network

# ਕੀ ਮੈਨੂੰ ਅਜੇ ਵੀ ਐਂਟੀਬਾਇਓਟਿਕ ਐਲਰਜੀ ਹੈ?

ਇਹ ਦਸਤਾਵੇਜ਼ ਤੁਹਾਡੇ ਸੰਬੰਧਿਤ ਸਿਹਤ-ਸੰਭਾਲ ਪੇਸ਼ੇਵਰ ਦੀ ਸਲਾਹ ਨੂੰ ਨਹੀਂ ਬਦਲਦਾ ਹੈ।

ਬਹੁਤ ਸਾਰੇ ਲੋਕ ਐਂਟੀਬਾਇਓਟਿਕਾਂ, ਖ਼ਾਸ ਕਰਕੇ ਪੈਨਿਸਿਲਿਨ ਪ੍ਰਤੀ ਐਲਰਜੀ ਪ੍ਰਤੀਕ੍ਰਿਆਵਾਂ ਦੀ ਰਿਪੋਰਟ ਕਰਦੇ ਹਨ। ਜ਼ਿਆਦਾਤਰ ਐਂਟੀਬਾਇਓਟਿਕ ਐਲਰਜੀਆਂ ਕੁੱਝ ਸਾਲਾਂ ਬਾਅਦ ਗਾਇਬ ਹੋ ਜਾਂਦੀਆਂ ਹਨ । ਤੁਸੀਂ ਇਹ ਪਤਾ ਕਰਨ ਲਈ ਟੈਸਟ ਕਰਵਾਉਣ ਦੇ ਯੋਗ ਹੋ ਸਕਦੇ ਹੋ ਕਿ ਕੀ ਤੁਹਾਨੂੰ ਅਜੇ ਵੀ ਐਂਟੀਬਾਇਓਟਿਕ ਐਲਰਜੀ ਹੈ ਜਾਂ ਨਹੀਂ। ਟੈਸਟ ਦਾ ਨਤੀਜਾ ਹੁਣ ਜਾਂ ਭਵਿੱਖ ਵਿੱਚ ਕਿਸੇ ਲਾਗ ਤੋਂ ਜਲਦੀ ਠੀਕ ਹੋਣ ਵਿੱਚ ਤੁਹਾਡੀ ਮੱਦਦ ਕਰਨ ਲਈ ਸਭ ਤੋਂ ਵਧੀਆ ਅਤੇ ਸੁਰੱਖਿਅਤ ਐਂਟੀਬਾਇਓਟਿਕ ਪ੍ਰਾਪਤ ਕਰਨ ਵਿੱਚ ਤੁਹਾਡੀ ਮੱਦਦ ਕਰੇਗਾ।

## ਐਂਟੀਬਾਇਓਟਿਕ ਐਲਰਜੀ ਕੀ ਹੁੰਦੀ ਹੈ?

ਐਂਟੀਬਾਇਓਟਿਕ ਐਲਰਜੀ ਉਦੋਂ ਹੁੰਦੀ ਹੈ ਜਦੋਂ ਸਰੀਰ ਦਾ ਇਮਿਊਨ ਸਿਸਟਮ (ਬਿਮਾਰੀਆਂ ਨਾਲ ਲੜਨ ਦੀ ਸ਼ਕਤੀ) ਕਿਸੇ ਐਂਟੀਬਾਇਓਟਿਕ ਪ੍ਰਤੀ ਪ੍ਰਤੀਕਿਰਿਆਂ ਕਰਦਾ ਹੈ ਜਿਸਨੂੰ ਉਹ ਪਸੰਦ ਨਹੀਂ ਕਰਦਾ ਹੈ। ਜਦੋਂ ਅਜਿਹਾ ਹੁੰਦਾ ਹੈ, ਤਾਂ ਇਮਿਊਨ ਸਿਸਟਮ ਐਲਰਜੀ ਵਰਗੇ ਲੱਛਣ ਪੈਦਾ ਕਰਦਾ ਹੈ। ਐਂਟੀਬਾਇਓਟਿਕ ਐਲਰਜੀ ਗੰਭੀਰ (ਜਾਨ ਲਈ ਜ਼ੋਖਮ ਵਾਲੀ) ਜਾਂ ਹਲਕੀ ਹੋ ਸਕਦੀ ਹੈ।

ਐਂਟੀਬਾਇਓਟਿਕਾਂ ਲਈ ਗੰਭੀਰ (ਜਾਨ ਲਈ ਜ਼ੋਖਮ ਵਾਲੀਆਂ) ਜਾਂ ਹਲਕੀਆਂ ਐਲਰਜੀਆਂ ਵਿੱਚ ਸ਼ਾਮਲ ਹਨ:

- ਐਨਾਫਾਈਲੈਕਸਿਸ (ਦਵਾਈਆਂ, ਭੋਜਨ ਜਾਂ ਕੀੜੇ ਦੇ ਕੱਟਣ ਵਰਗੇ ਪਦਾਰਥਾਂ ਪ੍ਰਤੀ ਐਲਰਜੀ ਪ੍ਰਤੀਕਿਰਿਆ)। ਐਨਾਫਾਈਲੈਕਸਿਸ ਦੇ ਲੱਛਣਾਂ ਜਾਂ ਚਿੰਨ੍ਹਾਂ ਵਿੱਚ ਸ਼ਾਮਲ ਹਨ:
    - ਬਹੁਤ ਘੱਟ ਬਲੱਡ ਪ੍ਰੈਸ਼ਰ
    - ਧੀਮੀ ਅਤੇ/ਜਾਂ ਤੇਜ਼ ਨਬਜ਼ ਜਾਂ ਦਿਲ ਦੀ ਧੜਕਣ
    - ਪਦਾਰਥ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਹੋਰ ਲੱਛਣਾਂ ਦੇ ਨਾਲ-ਨਾਲ ਧੱਫੜ ਤੇਜ਼ੀ ਨਾਲ ਵਿਕਸਤ ਹੋਣੇ
    - ਸੁੱਜੇ ਹੋਏ ਬੁੱਲ੍ਹ ਜਾਂ ਜੀਭ

  *ਜੇਕਰ ਤੁਸੀਂ ਐਨਾਫਾਈਲੈਕਸਿਸ ਦੇ ਕਿਸੇ ਵੀ ਚਿੰਨ੍ਹਾਂ ਜਾਂ ਲੱਛਣਾਂ ਦਾ ਅਨੁਭਵ ਕਰਦੇ ਹੋ, ਤਾਂ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਲਈ 000 'ਤੇ ਫ਼ੋਨ ਕਰਨਾ ਚਾਹੀਦਾ ਹੈ।*

- ਬਹੁਤ ਬਿਮਾਰ ਹੋਣ ਦੇ ਨਾਲ-ਨਾਲ ਧੱਫੜ ਵੀ ਹੋਣਾ

ਤੁਹਾਨੂੰ ਹਲਕੀ ਐਂਟੀਬਾਇਓਟਿਕ ਐਲਰਜੀ ਹੋ ਸਕਦੀ ਹੈ ਜੇਕਰ ਤੁਹਾਨੂੰ:

- ਬਚਪਨ ਵਿੱਚ ਜਾਂ ਬਹੁਤ ਸਮਾਂ ਪਹਿਲਾਂ ਡਾਕਟਰ ਦੁਆਰਾ ਦੱਸੇ ਅਨੁਸਾਰ ਐਂਟੀਬਾਇਓਟਿਕ ਦਾ ਕੋਰਸ ਪੂਰਾ ਕਰਨ ਦੇ ਦੌਰਾਨ ਜਾਂ ਬਾਅਦ ਵਿੱਚ ਜਲਦੀ ਹੀ ਧੱਫੜ ਹੋਏ ਸਨ
- ਐਂਟੀਬਾਇਓਟਿਕ ਦੇ ਕੋਰਸ ਦੌਰਾਨ ਜਾਂ ਇਸ ਤੋਂ ਤੁਰੰਤ ਬਾਅਦ ਸਰੀਰ ਦੇ ਥੋੜੇ ਜਿਹੇ ਹਿੱਸਿਆਂ 'ਤੇ ਧੱਫੜ ਹੋ ਜਾਂਦੇ ਹਨ
- 10 ਸਾਲ ਤੋਂ ਵੱਧ ਸਮਾਂ ਪਹਿਲਾਂ ਐਂਟੀਬਾਇਓਟਿਕ ਪ੍ਰਤੀ ਬਗ਼ੈਰ ਕਿਸੇ ਕਾਰਨ ਪ੍ਰਤੀਕਿਰਿਆ ਹੋਈ ਸੀ

ਬਹੁਤ ਸਾਰੀਆਂ ਐਂਟੀਬਾਇਓਟਿਕ ਐਲਰਜੀ ਪ੍ਰਤੀਕਿਰਿਆਵਾਂ ਸਮੇਂ ਦੇ ਨਾਲ ਦੂਰ ਹੋ ਜਾਂਦੀਆਂ ਹਨ ਜਾਂ ਹੋ ਸਕਦਾ ਹੈ ਕਿ ਐਂਟੀਬਾਇਓਟਿਕ ਕਾਰਨ ਨਾ ਹੋਈਆਂ ਹੋਣ। ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਐਂਟੀਬਾਇਓਟਿਕ ਤੋਂ ਐਲਰਜੀ ਹੁੰਦੀ ਹੈ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਇੱਕ ਟੈਸਟ ਕਰਵਾਉਣ ਦੀ ਲੋੜ ਹੋਵੇਗੀ।

## ਕੀ ਐਲਰਜੀ ਲਈ ਟੈਸਟ ਕਰਵਾਉਣਾ ਮੇਰੇ ਲਈ ਉਚਿਤ ਹੈ?

ਤੁਹਾਡਾ ਡਾਕਟਰ, ਫਾਰਮਾਸਿਸਟ ਜਾਂ ਨਰਸ ਇਹ ਪਤਾ ਲਗਾਉਣ ਲਈ ਤੁਹਾਡੇ ਨਾਲ ਕੰਮ ਕਰਨਗੇ ਕਿ ਕੀ ਤੁਹਾਡੀ ਪ੍ਰਤੀਕਿਰਿਆ ਗੰਭੀਰ (ਜਾਨ ਲਈ ਖ਼ਤਰੇ ਵਾਲੀ) ਜਾਂ ਹਲਕੀ ਸੀ। ਤੁਹਾਨੂੰ ਕੁੱਝ ਸਵਾਲ ਪੁੱਛੇ ਜਾਣਗੇ ਅਤੇ ਇਹ ਜ਼ਰੂਰੀ ਹੈ ਕਿ ਤੁਸੀਂ ਵੱਧ ਤੋਂ ਵੱਧ ਜਾਣਕਾਰੀ ਦਿਓ। ਤੁਹਾਡਾ ਮਾਹਰ ਡਾਕਟਰ ਇਹ ਸਿਫ਼ਾਰਸ਼ ਕਰੇਗਾ ਕਿ ਕੀ ਐਂਟੀਬਾਇਓਟਿਕ ਐਲਰਜੀ ਦਾ ਟੈਸਟ ਤੁਹਾਡੇ ਲਈ ਢੁੱਕਵਾਂ ਹੈ ਅਤੇ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਤੁਹਾਡੇ ਲਈ ਕਿਹੜਾ (ਕਿਹੜੇ) ਟੈਸਟ ਸਭ ਤੋਂ ਵਧੀਆ ਹਨ। ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮੱਦਦ ਕਰਨ ਲਈ ਸਵਾਲ ਪੁੱਛਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਕੀ ਤੁਸੀਂ ਸਿਫ਼ਾਰਿਸ਼ ਕੀਤੇ ਟੈਸਟ(ਟਾਂ) ਨੂੰ ਕਰਵਾਉਣਾ ਚਾਹੁੰਦੇ ਹੋ ਜਾਂ ਨਹੀਂ।

## ਇਹ ਪਤਾ ਲਗਾਉਣ ਲਈ ਕਿ ਕੀ ਮੈਨੂੰ ਅਜੇ ਵੀ ਐਂਟੀਬਾਇਓਟਿਕ ਤੋਂ ਐਲਰਜੀ ਹੈ, ਮੈਂ ਕਿਹੜੇ ਟੈਸਟ ਕਰਵਾ ਸਕਦਾ (ਦੀ) ਹਾਂ?

ਦੋ ਮੁੱਖ ਕਿਸਮਾਂ ਦੇ ਟੈਸਟ ਵਰਤੇ ਜਾਂਦੇ ਹਨ। ਇਹ ਟੈਸਟ ਹਨ:
- ਸਕਿਨ ਟੈਸਟ (ਚਮੜੀ ਟੈਸਟ)
- ਓਰਲ ਚੈਲੇਂਜ ਟੈਸਟ

ਡਾਕਟਰ ਦੇ ਮੁਲਾਂਕਣ 'ਤੇ ਨਿਰਭਰ ਕਰਦਿਆਂ, ਓਰਲ ਚੈਲੇਂਜ ਟੈਸਟ ਕਰਵਾਉਣ ਲਈ ਅੱਗੇ ਵਧਣ ਤੋਂ ਪਹਿਲਾਂ ਤੁਹਾਡਾ ਚਮੜੀ ਦੇ ਟੈਸਟ ਹੋ ਜਾਂ ਨਹੀਂ ਹੋ ਸਕਦਾ ਹੈ।

## ਚਮੜੀ ਟੈਸਟ ਕੀ ਹੈ?

ਚਮੜੀ ਦੀ ਇਸ ਜਾਂਚ ਦੌਰਾਨ, ਡਾਕਟਰ ਜਾਂ ਨਰਸ ਦੁਆਰਾ ਚਮੜੀ ਦੇ ਹੇਠਾਂ ਵੱਖ-ਵੱਖ ਐਂਟੀਬਾਇਓਟਿਕਾਂ ਦੇ ਛੋਟੇ ਟੀਕੇ ਲਗਾਏ ਜਾਂਦੇ ਹਨ। ਹਿਸਟਾਮਾਈਨ ਦੇ ਨਾਲ ਇੱਕ ਪੌਜੇਟਿਵ ਕੰਟਰੋਲ ਟੈਸਟ ਦੀ ਵਰਤੋਂ ਇਹ ਦੇਖਣ ਲਈ ਕੀਤੀ ਜਾਂਦੀ ਹੈ ਕਿ ਤੁਹਾਡੀ ਚਮੜੀ ਆਮ ਤਰੀਕੇ ਨਾਲ ਪ੍ਰਤੀਕਿਰਿਆ ਕਰ ਰਹੀ ਹੈ। ਇਹ ਟੈਸਟ ਬਹੁਤ ਸੁਰੱਖਿਅਤ ਹੈ ਅਤੇ ਜ਼ਿਆਦਾਤਰ ਲੋਕਾਂ ਦੁਆਰਾ ਚੰਗੀ ਤਰ੍ਹਾਂ ਬਰਦਾਸ਼ਤ ਕਰ ਲਿਆ ਜਾਂਦਾ ਹੈ। ਚਮੜੀ ਟੈਸਟ ਨੂੰ ਪੂਰਾ ਹੋਣ ਵਿੱਚ ਲਗਭਗ ਚਾਰ ਘੰਟੇ ਲੱਗਦੇ ਹਨ।

ਜੇਕਰ ਤੁਹਾਨੂੰ ਵਰਤੇ ਗਏ ਕਿਸੇ ਵੀ ਐਂਟੀਬਾਇਓਟਿਕ ਤੋਂ ਐਲਰਜੀ ਹੈ, ਤਾਂ ਤੁਹਾਨੂੰ ਚਮੜੀ 'ਤੇ ਇੱਕ ਛੋਟੀ ਜਿਹੀ ਪ੍ਰਤੀਕਿਰਿਆ ਹੋਵੇਗੀ ਜੋ ਮੱਛਰ ਦੇ ਕੱਟਣ ਵਾਂਗ ਦਿਖਾਈ ਦਿੰਦੀ ਹੈ। ਇਹ ਆਮ ਤੌਰ 'ਤੇ ਪੰਜ ਤੋਂ ਦਸ ਮਿੰਟ ਦੇ ਅੰਦਰ-ਅੰਦਰ ਦਿਖਾਈ ਦਿੰਦਾ ਹੈ ਅਤੇ ਸੱਠ ਮਿੰਟਾਂ ਬਾਅਦ ਫ਼ਿੱਕੀ ਪੈ ਜਾਂਦੀ ਹੈ।
ਇਸ ਟੈਸਟ ਦੇ ਕੁੱਝ ਦਿਨਾਂ ਬਾਅਦ ਇੱਕ ਹਲਕੀ ਪ੍ਰਤੀਕਿਰਿਆ ਦਿਖਾਈ ਦੇ ਸਕਦੀ ਹੈ, ਪਰ ਇਹ ਬਹੁਤ ਘੱਟ ਹੁੰਦਾ ਹੈ। ਅਸੀਂ ਤੁਹਾਨੂੰ ਫ਼ੋਨ ਨੰਬਰ ਸਮੇਤ ਘਰ ਲਿਜਾਣ ਲਈ ਇੱਕ ਪੱਤਰ ਦੇਵਾਂਗੇ ਤਾਂ ਕਿ ਤੁਸੀਂ ਸਾਨੂੰ ਫ਼ੋਨ ਕਰ ਸਕੋ ਜੇਕਰ ਤੁਹਾਨੂੰ ਕੋਈ ਅਸਾਧਾਰਨ ਚੀਜ਼ ਨਜ਼ਰ ਆਉਂਦੀ ਹੈ ਜਿਸ ਬਾਰੇ ਤੁਸੀਂ ਸੋਚਦੇ ਹੋ ਕਿ ਟੈਸਟ ਨਾਲ ਸੰਬੰਧਿਤ ਹੋ ਸਕਦੀ ਹੈ।

ਜੇਕਰ ਤੁਹਾਡੀ ਕੋਈ ਐਲਰਜੀ ਪ੍ਰਤੀਕਿਰਿਆ ਨਹੀਂ ਹੋਈ ਹੈ, ਤਾਂ ਇਸਤੋਂ ਬਾਅਦ ਓਰਲ ਚੈਲੇਂਜ ਟੈਸਟ ਕੀਤਾ ਜਾਂਦਾ ਹੈ - ਹੇਠਾਂ ਦੇਖੋ।

## ਓਰਲ ਚੈਲੇਂਜ ਟੈਸਟ ਕੀ ਹੁੰਦਾ ਹੈ?

ਇਸ ਟੈਸਟ ਲਈ, ਤੁਹਾਨੂੰ ਐਂਟੀਬਾਇਓਟਿਕ ਦੀ ਥੋੜ੍ਹੀ ਜਿਹੀ ਮਾਤਰਾ ਨੂੰ ਮੂੰਹ ਰਹੀ ਖਾਣ ਲਈ ਕਿਹਾ ਜਾਵੇਗਾ। ਇਹ ਦੇਖਣ ਲਈ ਕਿ ਕੀ ਤੁਹਾਨੂੰ ਕੋਈ ਐਲਰਜੀ ਹੁੰਦੀ ਹੈ, ਇੱਕ ਨਰਸ ਤੁਹਾਡੀ ਦੋ ਘੰਟਿਆਂ ਤੱਕ ਨੇੜਿਓਂ ਨਿਗਰਾਨੀ ਕਰੇਗੀ। ਓਰਲ ਚੈਲੇਂਜ ਟੈਸਟ ਕਰਨ ਅਤੇ ਤੁਹਾਡੇ ਨਤੀਜੇ ਪ੍ਰਾਪਤ ਕਰਨ ਵਿੱਚ ਤੁਹਾਨੂੰ ਲਗਭਗ ਦੋ ਘੰਟੇ ਲੱਗ ਜਾਣਗੇ।

ਇਸ ਟੈਸਟ ਤੋਂ ਕੁੱਝ ਦਿਨਾਂ ਬਾਅਦ ਹਲਕੇ ਧੱਫੜ ਦਿਖਾਈ ਦੇ ਸਕਦੇ ਹਨ, ਪਰ ਅਜਿਹਾ ਬਹੁਤ ਘੱਟ ਹੁੰਦਾ ਹੈ। ਅਸੀਂ ਤੁਹਾਨੂੰ ਫ਼ੋਨ ਨੰਬਰ ਸਮੇਤ ਘਰ ਲਿਜਾਣ ਲਈ ਇੱਕ ਪੱਤਰ ਦੇਵਾਂਗੇ ਤਾਂ ਕਿ ਤੁਸੀਂ ਸਾਨੂੰ ਫ਼ੋਨ ਕਰ ਸਕੋ ਜੇਕਰ ਤੁਹਾਨੂੰ ਕੋਈ ਅਸਾਧਾਰਨ ਚੀਜ਼ ਨਜ਼ਰ ਆਉਂਦੀ ਹੈ ਜਿਸ ਬਾਰੇ ਤੁਸੀਂ ਸੋਚਦੇ ਹੋ ਕਿ ਟੈਸਟ ਨਾਲ ਸੰਬੰਧਿਤ ਹੋ ਸਕਦੀ ਹੈ।

## ਐਲਰਜੀ ਟੈਸਟ ਕਰਵਾਉਣ ਦੇ ਲਾਭ

- ਤੁਸੀਂ ਆਪਣੇ ਮਾਹਰ ਡਾਕਟਰ ਦੁਆਰਾ ਸਿਫ਼ਾਰਸ਼ ਕੀਤੇ ਟੈਸਟਾਂ ਨੂੰ ਕਰਵਾ ਕੇ ਪਤਾ ਲਗਾਓਗੇ ਕਿ ਕੀ ਤੁਹਾਨੂੰ ਐਂਟੀਬਾਇਓਟਿਕ ਐਲਰਜੀ ਹੈ ਜਾਂ ਨਹੀਂ।
- ਜੇ ਤੁਹਾਡਾ ਟੈਸਟ ਦਿਖਾਉਂਦਾ ਹੈ ਕਿ ਤੁਹਾਨੂੰ ਹੁਣ ਐਂਟੀਬਾਇਓਟਿਕ ਐਲਰਜੀ ਨਹੀਂ ਹੈ, ਤਾਂ ਤੁਹਾਨੂੰ ਲਾਗ ਲਈ ਸਭ ਤੋਂ ਵਧੀਆ ਅਤੇ ਸਭ ਤੋਂ ਵੱਧ ਸੁਰੱਖਿਅਤ ਐਂਟੀਬਾਇਓਟਿਕ ਮਿਲਣ ਦੀ ਜ਼ਿਆਦਾ ਸੰਭਾਵਨਾ ਹੈ। ਤੁਹਾਡੇ ਲਈ, ਇਸਦਾ ਮਤਲਬ ਜਲਦੀ ਸਿਹਤਯਾਬੀ ਹੋਣਾ ਹੋ ਸਕਦਾ ਹੈ।

## ਕੀ ਇਹ ਐਲਰਜੀ ਟੈਸਟ ਸੁਰੱਖਿਅਤ ਹਨ?

- ਹਾਂ, ਇਹ ਟੈਸਟ ਸੁਰੱਖਿਅਤ ਹਨ।
- ਇਹ ਟੈਸਟ ਦੁਨੀਆ ਭਰ ਦੇ ਹਜ਼ਾਰਾਂ ਲੋਕਾਂ ਦੁਆਰਾ ਕਰਵਾਇਆ ਗਿਆ ਹੈ। ਇਸ ਟੈਸਟ ਤੋਂ ਬਾਅਦ, ਬਹੁਤੇ ਲੋਕਾਂ ਨੂੰ ਪਤਾ ਲੱਗਾ ਹੈ ਕਿ ਉਹ ਸੁਰੱਖਿਅਤ ਢੰਗ ਨਾਲ ਐਂਟੀਬਾਇਓਟਿਕ ਲੈ ਸਕਦੇ ਹਨ ਜਦੋਂ ਕਿ ਉਹਨਾਂ ਦਾ ਮੰਨਣਾ ਸੀ ਕਿ ਉਹਨਾਂ ਨੂੰ ਐਲਰਜੀ ਸੀ।
- ਲਗਭਗ 80% (ਦਸ ਵਿੱਚੋਂ ਅੱਠ) ਲੋਕ ਜੋ ਐਂਟੀਬਾਇਓਟਿਕ ਐਲਰਜੀ ਟੈਸਟ ਲੈਂਦੇ ਹਨ, ਇਹ ਪਤਾ ਲਗਾਉਂਦੇ ਹਨ ਕਿ ਉਹਨਾਂ ਨੂੰ ਹੁਣ ਐਂਟੀਬਾਇਓਟਿਕ ਐਲਰਜੀ ਨਹੀਂ ਹੈ।
- ਇਹਨਾਂ ਟੈਸਟਾਂ ਦੌਰਾਨ, ਤੁਹਾਡੇ ਮਾਹਰ ਡਾਕਟਰ ਜਾਂ ਨਰਸ ਦੁਆਰਾ ਤੁਹਾਨੂੰ ਨੇੜਿਓਂ ਦੇਖਿਆ ਜਾਵੇਗਾ। ਜੇਕਰ ਤੁਹਾਨੂੰ ਐਲਰਜੀ ਪ੍ਰਤੀਕਿਰਿਆ ਹੁੰਦੀ ਹੈ, ਤਾਂ ਇਹ ਟੈਸਟ ਬੰਦ ਕਰ ਦਿੱਤਾ ਜਾਵੇਗਾ ਅਤੇ ਤੁਹਾਡਾ ਤੁਰੰਤ ਇਲਾਜ ਕੀਤਾ ਜਾਵੇਗਾ। ਸਾਡੇ ਡਾਕਟਰ ਅਤੇ ਨਰਸਾਂ ਐਲਰਜੀ ਪ੍ਰਤੀਕਿਰਿਆਵਾਂ ਦਾ ਇਲਾਜ ਕਰਨ ਵਿੱਚ ਮਾਹਰ ਹਨ।
- ਤੁਹਾਡੀ ਜਾਂਚ ਤਾਂ ਹੀ ਕੀਤੀ ਜਾਵੇਗੀ ਜੇਕਰ ਤੁਹਾਡਾ ਮਾਹਰ ਡਾਕਟਰ ਸੋਚਦਾ ਹੈ ਕਿ ਤੁਹਾਨੂੰ ਅਜੇ ਵੀ ਐਂਟੀਬਾਇਓਟਿਕ ਐਲਰਜੀ ਹੋਣ ਦਾ ਜ਼ੋਖਮ ਘੱਟ ਹੈ।

## ਇਹ ਟੈਸਟ ਕਰਵਾਉਣ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਅਤੇ ਤੁਹਾਡੇ ਡਾਕਟਰਾਂ ਨੂੰ ਇਸ ਟੈਸਟ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਵੇਗਾ।

ਤੁਹਾਨੂੰ ਇੱਕ ਪੱਤਰ ਮਿਲੇਗਾ ਜਿਸ ਵਿੱਚ ਇਹ ਸਮਝਾਇਆ ਜਾਵੇਗਾ:

- ਟੈਸਟ ਦਾ ਨਾਮ ਅਤੇ ਤੁਹਾਡੇ ਨਤੀਜੇ
- ਉਨ੍ਹਾਂ ਐਂਟੀਬਾਇਓਟਿਕਾਂ ਦੇ ਨਾਮ ਜੋ ਤੁਹਾਡੇ ਲੈਣ ਲਈ ਸੁਰੱਖਿਅਤ ਹਨ।

ਜੇਕਰ ਤੁਹਾਡੇ ਟੈਸਟ ਦਿਖਾਉਂਦੇ ਹਨ ਕਿ ਤੁਹਾਨੂੰ ਐਂਟੀਬਾਇਓਟਿਕ ਐਲਰਜੀ ਨਹੀਂ ਹੈ ਤਾਂ ਅਸੀਂ ਤੁਹਾਡੇ ਮੈਡੀਕਲ ਰਿਕਾਰਡ ਵਿੱਚੋਂ ਐਂਟੀਬਾਇਓਟਿਕ ਐਲਰਜੀ ਨੂੰ ਹਟਾ ਦੇਵਾਂਗੇ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵੇਖੋ:

ਈਮੇਲ: https://antibioticallergy.org.au/

ਐਮਰਜੈਂਸੀ ਦੀ ਸਥਿਤੀ ਵਿੱਚ, ਕਿਰਪਾ ਕਰਕੇ ਐਂਬੂਲੈਂਸ ਲਈ 000 ਡਾਇਲ ਕਰੋ ਜਾਂ ਆਪਣੇ ਨੇੜਲੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਜਾਓ।

ਜਾਣਕਾਰੀ ਲਿਖੇ ਜਾਣ ਦੀ ਮਿਤੀ: ਮਾਰਚ 2023